**ਸ਼੍ਰੇਣੀ – ਦਸਵੀਂ**

# ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ

**(ਭਾਗ – I)**
**(ਥਿਊਰੀ)**

**ਸਮਾਂ:3 ਘੰਟੇ**

**ਲਿਖਤੀ (ਜਿਉਮੈਟਰੀ+ਸਕੇਲ): 50 ਅੰਕ**

**ਚਿੱਤਰਕਲਾ (ਪ੍ਰਯੋਗੀ): 40 ਅੰਕ**

**INA: 10 ਅੰਕ**

**ਕੁੱਲ: 100 ਅੰਕ**

ਪ੍ਰਸ਼ਨ ਨੰ: 1 ਤੋਂ 4 ਤੱਕ ਹਰ ਪ੍ਰਸ਼ਨ ਦੇ 7–7 ਅੰਕ ਹੋਣਗੇ। ਪੰਜਵਾਂ ਪ੍ਰਸ਼ਨ ਸਕੇਲ ਦਾ 22 ਅੰਕਾਂ ਦਾ ਹੋਵੇਗਾ। ਇਹ ਪ੍ਰਸ਼ਨ ਜ਼ਰੂਰੀ ਕਰਨਾ ਹੋਵੇਗਾ।

| | | |
|---|---|---|
| 1 | ਰੇਖਾਵਾਂ ਦੀ ਅਨੁਪਾਤਕ ਵੰਡ ਅਤੇ ਕਰਣਵਤ ਪੈਮਾਨੇ। | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |
| 2 | ਸਮਰੂਪੀ ਅਕਾਰ | ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |
| 3 | ਬਾਹਰੀ ਅਤੇ ਅੰਤਰੀ ਅਕਾਰ | ਚਾਰ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਦੋ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੋਵੇਗਾ। |

**ਸਕੇਲ/ਮਕੈਨੀਕਲ ਡਰਾਇੰਗ (ਜ਼ਰੂਰੀ)**

**(Scale/Mechanical Drawing)**

1. ਹੇਠ ਲਿਖਿਆਂ ਦਾ ਮੱਥਾ (ELEVATION), ਪਾਸਾ|(SIDE) ਅਤੇ ਤਲ (PLAN) ਬਣਾਓ।

   i. ਮੇਜ਼ ਦਾ ਦਰਾਜ      ii. ਸਟੂਡੈਂਟ ਮੇਜ਼      iii. ਫਾਇਲ ਰੈਕ
   iv. ਬਾਥਰੂਮ ਟੇਬਲ      v. ਟੀ ਪੌਂਟ ਸਟੈਂਡ (ਘੜੌਂਜੀ)      vi. ਸਪਾਈਸ ਬੋਤਲ ਰੈਕ
   vii. ਡਰਾਇੰਗ ਟੇਬਲ      viii. ਪਟਵਾਰੀ ਜਾਂ ਕਲਰਕ ਡੈਸਕ      ix. ਬਲਾਕ

**ਕਾਗਜ਼ ਦਾ ਮਾਪ: ਪੂਰੇ ਕਾਗਜ਼ ਦਾ ¼ ਭਾਗ (35 ਸੈਂ: ਮੀ: × 25 ਸੈਂ: ਮੀ:)**

**ਅੰਕ ਦੀ ਵੰਡ:–**

| | |
|---|---|
| ਮੱਥਾ (ELEVATION) | = 6 ਅੰਕ |
| ਪਾਸਾ (SIDE) | = 4 ਅੰਕ |
| ਤਲ (PLAN) | = 6 ਅੰਕ |
| ਪੈਮਾਨਾ (SCALE) | = 2 ਅੰਕ |
| ਲਿਖਾਈ (WRITING) | = 2 ਅੰਕ |
| ਕਾਗਜ ਦੀ ਵੰਡ (DIVISION) | = 2 ਅੰਕ |
| **ਕੁੱਲ ਜੋੜ** | **= 22 ਅੰਕ** |

Downloaded from cclchapter.com

**(ਭਾਗ - II)**

# ਚਿੱਤਰਕਲਾ (ਪ੍ਰਯੋਗੀ)

**ਸਮਾਂ:4 ਘੰਟੇ** **ਅੰਕ: 40**

ਇਸ ਪੇਪਰ ਵਿੱਚ ਕੁੱਲ 5 ਪ੍ਰਸ਼ਨ ਸੈੱਟ ਕੀਤੇ ਜਾਣਗੇ। ਪਹਿਲਾ ਪ੍ਰਸ਼ਨ (ਵਸਤੂ ਚਿੱਤਰਨ) ਮਾਡਲ ਡਰਾਇੰਗ ਦਾ ਹੋਵੇਗਾ ਜਿਹੜਾ ਕਰਨਾ ਜ਼ਰੂਰੀ ਹੋਵੇਗਾ। ਬਾਕੀ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਹੱਲ ਕਰਨੇ ਹੋਣਗੇ।

1. **ਵਸਤੂ ਚਿੱਤਰਨ (ਮਾਡਲ ਡਰਾਇੰਗ)** ਸਾਹਮਣੇ ਰੱਖਿਆਂ ਹੋਈਆਂ ਤਿੰਨ ਵਸਤੂਆਂ ਜਿਹਨਾਂ ਵਿੱਚੋਂ ਥੱਲੇ ਰੱਖੀ ਹੋਈ ਵਸਤੂ ਆਇਤਾਕਾਰ ਜਾਂ ਵਰਗਾਕਾਰ ਹੋਵੇ ਅਤੇ ਉੱਪਰ ਕੋਈ ਦੋ ਵਸਤੂਆਂ ਦਾ ਚਿੱਤਰਨ ਕਰਨਾ।

   **ਮਾਧਿਅਮ: ਪੇਸਟਲ, ਰੰਗਦਾਰ ਪੈਨਸਿਲਾਂ, ਕਾਲੀ ਪੈਨਸਿਲ ਨਾਲ ਹਲਕੀ ਤੇ ਗੂੜ੍ਹੀ ਛਾਇਆ ਤੇ ਪ੍ਰਛਾਇਆ।**

2. **ਡਿਜ਼ਾਈਨ:** ਜਿਓਮੈਟਰੀਕਲ ਅਕਾਰ ਜਿਵੇਂ ਵਰਗ, ਤਿਕੋਣ, ਆਇਤ, ਚੱਕਰ, ਅੱਧ ਚੱਕਰ ਵਿੱਚ ਫੁੱਲ੍ਹਾਂ, ਪੱਤਿਆਂ, ਟਾਹਣੀਆਂ ਅਤੇ ਡੋਡੀਆਂ ਦੇ ਨਮੂਨੇ ਤਿਆਰ ਕਰਨੇ।

   **ਮਾਧਿਅਮ: ਪੋਸਟਰ ਕਲਰ।**

3. **ਪੋਸਟਰ ਅਤੇ ਲੇ-ਆਊਟ:** ਨਿੱਜੀ ਜੀਵਨ, ਸਿਹਤ, ਖੇਡਾਂ, ਪੜ੍ਹਾਈ ਵਾਤਾਵਾਰਣ ਅਤੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਪੋਸਟਰ ਤਿਆਰ ਕਰਨੇ ਅਤੇ ਬੱਚਿਆਂ ਦੀਆਂ ਪੁਸਤਕਾਂ ਅਤੇ ਮਾਸਿਕ ਪੱਤਰਾਂ (ਰਸਾਲਿਆਂ) ਦੇ ਕਵਰ ਚਿੱਤਰ ਤਿਆਰ ਕਰਨੇ।

   **ਮਾਧਿਅਮ: ਪੋਸਟਰ ਕਲਰ।**

4. **ਧਰਤੀ ਦ੍ਰਿਸ਼ ਚਿੱਤਰਨ:** ਕਲਪਨਾ ਤੇ ਯਾਦ ਸ਼ਕਤੀ ਦੁਆਰਾ ਧਰਤੀ ਦ੍ਰਿਸ਼ ਚਿੱਤਰਨ ਕਰਨਾ ਜਿਵੇਂ ਵੱਖ-ਵੱਖ ਤਰ੍ਹਾਂ ਦੇ ਦਰਖਤ, ਝੌਂਪੜੀ, ਪਹਾੜੀ ਮਕਾਨ, ਝੀਲ, ਦਰਿਆ, ਪਹਾੜ, ਪਿੰਡ, ਮਨੁੱਖ, ਬੱਦਲ ਅਤੇ ਜਾਨਵਰ ਆਦਿ ਦੇ ਚਿੱਤਰ ਬਣਾਉਣੇ।

   **ਮਾਧਿਅਮ: ਪੇਸਟਲ, ਪੈਨਸਿਲ ਅਤੇ ਪਾਣੀ ਵਾਲੇ ਰੰਗ।**

   **ਕਾਗਜ਼ ਦਾ ਮਾਪ: ਉਪਰੋਕਤ ਸਾਰੇ ਪ੍ਰਸ਼ਨਾਂ ਲਈ ¼ ਭਾਗ (35 ਸੈਂ: ਮੀ: × 25 ਸੈਂ: ਮੀ:) ਹੈ।**

**ਜ਼ਰੂਰੀ ਨੋਟ:- ਇਹ ਪੇਪਰ ਪੂਰਾ ਪ੍ਰਯੋਗੀ ਹੈ। ਜੋ ਕਿ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਪ੍ਰਯੋਗੀ ਪ੍ਰੀਖਿਅਕ ਮੌਕੇ ਤੇ ਹੀ ਉਪਰੋਕਤ ਅਨੁਸਾਰ ਪੇਪਰ ਤਿਆਰ ਕਰੇਗਾ ਅਤੇ ਮੁਲਾਂਕਣ ਵੀ ਮੌਕੇ ਤੇ ਕਰਕੇ ਨੰਬਰ ਸੂਚੀਆਂ ਸਬੰਧਤ ਅਧਿਕਾਰੀ ਨੂੰ ਦੇਵੇਗਾ।**

Downloaded from cclchapter.com